# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **6.6.2019**

# ਦੀ ਕਾਰਵਾਈ

(ਮਤਾ ਨੰ: **80-90** )

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 06-06-2019 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, .............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ ......................................... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:-80**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 30.5.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 30.5.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੋਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

- ਮੱਦ ਨੰ: 48 ਮਿਤੀ 1.3.2019 ਸਬੰਧੀ ਪ੍ਰੇਖਣ ਦੋਰਾਣ ਮੇਅਰ ਜੀ ਵਲੋਂ ਸਿਟੀ ਸਕੇਪ ਪ੍ਰੋਜੈਕਟ ਸਬੰਧੀ ਡਿਟੇਲ ਦੇਣ ਲਈ ਮਿਤੀ 30.5.2019 ਨੂੰ ਹੋਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਦੌਰਾਨ ਹਦਾਇਤ ਕੀਤੀ ਗਈ ਸੀ ਪਰ ਇਹ ਡਿਟੇਲ ਉਹਨਾਂ ਨੂੰ ਨਹੀਂ ਦਿੱਤੀ ਗਈ । ਜਿਸ ਤੇ ਸ੍ਰੀ ਰਜਨੀਸ਼ ਡੋਗਰਾ, ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਮਿਤੀ 10.6.2019 ਨੂੰ ਇਹ ਡਿਟੇਲ ਮੇਅਰ ਜੀ ਨੂੰ ਦੇ ਦਿੱਤੀ ਜਾਵੇਗੀ ।
- ਮੱਦ ਨੰ: 49 ਮਿਤੀ 1.3.2019 ਸਬੰਧੀ ਸ੍ਰੀ ਸਤਿੰਦਰ ਕੁਮਾਰ, ਕਾ:ਇੰ: ਵਲੋਂ ਦੱਸਿਆ ਗਿਆ ਕਿ ਇਸ ਕਮੇਟੀ ਦੀ ਮੀਟਿੰਗ ਅੱਜ ਮਿਤੀ 6.6.2019 ਨੂੰ ਹੋ ਗਈ ਹੈ, ਕਮੇਟੀ ਵਲੋਂ ਕੀਤੇ ਜਾਣ ਵਾਲੇ ਕੰਮ ਸਬੰਧੀ ਤੱਸਲੀ ਪ੍ਰਗਟਾਈ ਹੈ ਅਤੇ ਟੈਂਡਰ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ । ਵਿੱਤ ਅਤੇ ਠੇਕਾ ਕਮੇਟੀ ਮੱਦ ਨੰ: 49 ਮਿਤੀ 1.3.2019 ਤਹਿਤ ਪੇਸ਼ ਕੀਤੇ ਗਏ ਟੈਂਡਰ ਨੂੰ ਪ੍ਰਵਾਨ ਕਰਦੀ ਹੈ ।
- ਮੱਦ ਨੰ: 55 ਮਿਤੀ 1.3.2019 ਸਬੰਧੀ ਡੀ.ਸੀ.ਐਫ.ਏ. ਵਲੋਂ ਦੱਸਿਆ ਗਿਆ ਕਿ ਸਬੰਧਤ ਠੇਕੇਦਾਰ ਪਾਸੋਂ 27,760/- ਰੁਪਏ ਦੀ ਰਿਕਵਰੀ ਕਰ ਲਈ ਗਈ ਹੈ, ਜਿਸ ਦਾ ਵਾਊਚਰ ਉਹਨਾਂ ਕਮੇਟੀ ਨੂੰ ਵਿਖਾ ਦਿੱਤਾ ।
- ਮੱਦ ਨੰ: 56 ਮਿਤੀ 1.3.2019 ਸਬੰਧੀ ਡਾ:ਸ੍ਰੀ ਕ੍ਰਿਸ਼ਨ ਵਲੋਂ ਇਸ ਫੈਸਲੇ ਸਬੰਧੀ ਕੋਈ ਜਵਾਬ ਨਹੀਂ ਦਿੱਤਾ ਗਿਆ ਅਤੇ ਦੱਸਿਆ ਕਿ ਇਹ ਕਾਰਵਾਈ ਡਾ:ਵਰਿੰਦਰ ਰਤਨ, ਏ.ਐਚ.ਓ. ਵਲੋਂ ਵਸੂਲੀ ਗਈ ਸੀ ਜਿਸ ਤੇ ਮੇਅਰ ਜੀ ਨੇ ਡਾ: ਸ੍ਰੀ ਕ੍ਰਿਸ਼ਨ, ਐਚ.ਓ. ਨੂੰ ਅਗਲੀ ਮੀਟਿੰਗ ਵਿੱਚ ਖੁਦ ਇਹਨਾਂ ਵਾਟਰ ਸਪਰਿੰਕਲਰਾਂ ਦੀਆਂ ਲਾਗ ਬੁਕਸ ਕਮੇਟੀ ਸਨਮੁੱਖ ਪੇਸ਼ ਕਰਨ ਲਈ ਹਦਾਇਤ ਕੀਤੀ ਅਤੇ ਇਹ ਵੀ ਆਦੇਸ਼ ਦਿੱਤੇ ਕਿ ਜੇਕਰ ਇਹ ਲਾਗ ਬੁਕਾਂ ਅਗਲੀ ਮੀਟਿੰਗ ਵਿੱਚ ਪੇਸ਼ ਨਹੀਂ ਕੀਤੀਆਂ ਗਈਆਂ ਤਾਂ ਬਣਦੀ ਅਨੁਸ਼ਾਸਨੀ ਕਾਰਵਾਈ ਅਰੰਭੀ ਜਾਵੇਗੀ ।
- ਮੱਦ ਨੰ: 62 ਟਾਊਨ ਹਾਲ ਦੀ ਉਸਾਰੀ ਸਬੰਧੀ ਸ੍ਰੀ ਰਜਨੀਸ਼ ਡੋਗਰਾ, ਐਸ.ਈ.(ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਕਮੇਟੀ ਦੀ ਮੀਟਿੰਗ ਮਿਤੀ 10.6.2019 ਨੂੰ ਬੁਲਾ ਲਈ ਗਈ ਹੈ ।
- ਮਿਤੀ 30.5.2019 ਨੂੰ ਹੋਈ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 71 ਅਤੇ 72 ਜਿਹੜੇ ਕਿ ਲੰਬਿਤ ਰੱਖੇ ਗਏ ਸਨ, ਅੱਜ ਦੀ ਮੀਟਿੰਗ ਵਿੱਚ ਅਜੰਡੇ ਦੇ ਬਾਹਰੋਂ ਮੁੜ ਵਿਚਾਰੇ ਗਏ ।

ਇਹਨਾਂ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:**–81

ਵਿਸ਼ਾ:- ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਦੁਆਬਾ ਚੌਕ ਤੋ ਕਿਸ਼ਨਪੁਰਾ ਡਿਸਪੋਜਲ ਤੱਕ ਮੇਨ ਸੀਵਰ ਦੀ ਡੀ-ਸਿਲਟਿੰਗ ਕਰਵਾਉਣ ਬਾਰੇ।

ਤਖਮੀਨਾ ਰੁਪਏ 26.88 ਲੱਖ

ਦੁਆਬਾ ਚੌਕ ਤੋ ਕਿਸ਼ਨਪੁਰਾ ਡਿਸਪੋਜਲ ਤੱਕ 24"X36" ਸੀਵਰ ਦੀ ਡੀ-ਸਿਲਟਿੰਗ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸੀਵਰ ਦੀ ਸਫਾਈ ਕਰਵਾਉਣ ਸਬੰਧੀ ਤਖਮੀਨਾ ਰੁਪਏ 26.88 ਲੱਖ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਨੇ ਅਪਣੇ ਮਤਾ ਨੰ: 68(9) ਮਿਤੀ 06.09.17 ਰਾਹੀਂ ਦਿੱਤੀ ਸੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 17518 ਮਿਤੀ 22.03.18 ਰਾਹੀਂ ਦੇ ਦਿੱਤੀ ਹੈ।

ਸੀਵਰੇਜ਼ ਬੋਰਡ ਨੇ ਅਪਣੇ ਪਿਠਅੰਕਨ ਨੰ: 3351 ਮਿਤੀ 17.10.17 ਰਾਹੀਂ ਨਗਰ ਨਿਗਮ ਜਲੰਧਰ ਨੂੰ ਸੂਚਿਤ ਕੀਤਾ ਹੈ ਕਿ ਸਥਾਨਕ ਸਰਕਾਰ ਦੀ ਪੱਧਰ ਤੇ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਨਾਲ ਸੁਪਰ ਸਕੱਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ। ਇਸ ਪੱਤਰ ਦੇ ਲੜੀ ਨੰ: 10 ਤੇ ਸਪਸ਼ਟ ਕੀਤਾ ਗਿਆ ਹੈ (You will be given first preference at the time of award of the job till you show inability after your capacity is exhausted)

ਸਥਾਨਕ ਸਰਕਾਰ ਦੇ ਰੇਟ ਕੰਟਰੈਕਟ ਅਨੁਸਾਰ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 26.69 ਲੱਖ ਦਾ ਤਿਆਰ ਕੀਤਾ ਗਿਆ ਹੈ। ਸਥਾਨਕ ਸਰਕਾਰ ਵੱਲੋਂ ਪ੍ਰਵਾਨਿਤ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ ਮੈਸਰਜ਼ APESPL-IBA JV, (Aryan Pumps Enviro Solution Pvt.Ltd- Inderjit Bajaj & Associates JV) Pune ਤੋ ਕਰਵਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਰੇਟ ਕੰਟਰੈਕਟ ਦੇ ਰੇਟਾਂ ਅਤੇ ਟਰਮਜ਼ ਕੰਡੀਸ਼ਨਜ਼ ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾਵੇਗਾ। ਕਾਰਜਕਾਰੀ ਇੰਜੀਨਿਅਰ ਨੇ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 4/3/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਕੇਸ ਵਿੱਤ ਤੇ ਠੇਕਾ ਕਮੇਟੀ ਵਿਚ ਰੱਖ਼ਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 4.3.2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 4.3.2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

ਮਤਾ ਨੰਬਰ:-82

ਵਿਸ਼ਾ:- ਨਗਰ ਨਿਗਮ ਵਿੱਚ ਅਪਣੇ ਪੱਧਰ ਤੇ ਚਲਾਏ ਜਾ ਰਹੇ ਟਿਊਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ ਰੱਖਾਵ ਵਾਸਤੇ ਵੱਖ-ਵੱਖ ਤਰ੍ਹਾਂ ਦਾ ਬਿਜਲੀ ਦਾ ਸਮਾਨ ਖਰੀਦਣ ਬਾਰੇ ਸਲਾਨਾ ਤਖਮੀਨਾ।

**ਹਵਾਲਾ:- ਵਿੱਤ ਅਤੇ ਠੇਕਾ ਕਮੇਟੀ ਦਾ ਮਤਾ ਨੰ: 136 ਮਿਤੀ 27.08.18 ਦੀ ਪ੍ਰਵਾਨਗੀ ਅਨੁਸਾਰ ਬਾਕੀ ਰਹਿੰਦਾ 50% ਸਮਾਨ ਖਰੀਦ ਕਰਨ ਦੀ ਪ੍ਰਵਾਨਗੀ ਬਾਰੇ।**

ਤਖਮੀਨਾ ਰੁਪਏ 20,00,000/- (ਜੀ.ਐਸ.ਟੀ ਸਮੇਤ) ਟੈਂਡਰ ਅਮਾਊਂਟ ਰੁਪਏ 12,97,400/-
ਪ੍ਰਾਪਤ ਟੈਂਡਰ = 4 ਸੇਵਿੰਗ 35.13%
ਅਜੰਸੀ ਦਾ ਨਾਮ:- ਗੁਪਤਾ ਇਲੈਕਟ੍ਰਿਕ ਸਟੋਰ ਜਲੰਧਰ

ਨਗਰ ਨਿਗਮ ਵਿੱਚ ਅਪਣੇ ਪੱਧਰ ਤੇ ਚਲਾਏ ਜਾ ਰਹੇ ਟਿਊਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ ਰੱਖਾਵ ਵਾਸਤੇ ਵੱਖ-ਵੱਖ ਤਰ੍ਹਾਂ ਦਾ ਬਿਜਲੀ ਦਾ ਸਮਾਨ ਖਰੀਦਣ ਬਾਰੇ ਸਲਾਨਾ ਤਖਮੀਨਾ ਰੁਪਏ 20,00,000/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 68(6) ਮਿਤੀ 06.09.17 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-18/17518 ਮਿਤੀ 22.03.18 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਹੋ ਗਈ ਹੈ।

ਇਸ ਸਮਾਨ ਨੂੰ ਖਰੀਦਣ ਲਈ ਟੈਂਡਰ ਮਿਤੀ 29.01.18 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮੰਗੇ ਗਏ ਸਨ, ਕੁੱਲ 4 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਸਮਾਨ ਤਖਮੀਨਾ ਰੁਪਏ 20,00,000/- (ਜੀ.ਐਸ.ਟੀ ਸਮੇਤ) ਦੇ ਵਿਰੁੱਧ 35.13% ਦੀ ਸੇਵਿੰਗ ਨਾਲ ਰੁਪਏ 12,97,400/- ਵਿੱਚ ਸਪਲਾਈ ਕਰਨਾ ਸੀ। ਇਹ ਸਮਾਨ ਵਿਭਾਗੀ ਲੋੜ ਅਨੁਸਾਰ ਇਕ ਸਾਲ ਦੇ ਦੌਰਾਨ 3-4 ਕਿਸ਼ਤਾ ਵਿੱਚ ਖਰੀਦਿਆ ਜਾਵੇਗਾ। ਵਿੱਤ ਅਤੇ ਕਮੇਟੀ ਨੇ ਅਪਣੇ ਮਤਾ ਨੰ: 136 ਮਿਤੀ 27.08.18 ਰਾਹੀਂ ਇਹ ਟੈਂਡਰ ਪ੍ਰਵਾਨ ਕੀਤਾ ਸੀ ਅਤੇ ਇਹ ਵੀ ਫੈਸਲਾ ਕੀਤਾ ਸੀ ਕਿ ਹਾਲ ਦੀ ਘੜੀ ਇਹ ਖਰੀਦ 50% ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਵਿੱਤ ਅਤੇ ਠੇਕਾ ਕਮੇਟੀ ਦੇ ਉਪਰੋਕਤ ਮਤੇ ਅਨੁਸਾਰ ਅਜੰਸੀ ਨੂੰ 50% ਸਮਾਨ ਸਪਲਾਈ ਕਰਨ ਬਾਰੇ ਵਰਕ ਆਰਡਰ ਨੰ: ਸੀ.ਈ/ਈ.ਟੀ/11 ਮਿਤੀ 16.10.18 ਜਾਰੀ ਕੀਤਾ ਗਿਆ ਸੀ ਅਤੇ ਅਜੰਸੀ ਨੇ ਮਿਤੀ 25.10.18 ਨੂੰ ਇਹ 50% ਸਮਾਨ ਸਪਲਾਈ ਕਰ ਦਿੱਤਾ ਸੀ। ਹੁਣ ਟਿਊਬਵੈਲਾਂ ਅਤੇ ਡਿਸਪੋਜਲਾਂ ਦੀ ਮੇਨਟੀਨੈਂਸ ਵਾਸਤੇ ਬਾਕੀ ਰਹਿੰਦੇ ਸਮਾਨ ਦੀ ਲੋੜ ਹੈ। ਇਸ ਲਈ ਵਿਸ਼ੇ ਅਧੀਨ ਟੈਂਡਰ ਦਾ ਬੱਚਦਾ 50% ਸਮਾਨ ਖਰੀਦ ਕਰਨ ਦੀ ਪ੍ਰਵਾਨਗੀ ਲਈ ਟੈਂਡਰ ਮੁੜ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਕਾਰਜਕਾਰੀ ਇੰਜੀਨਿਅਰ ਨੇ ਮਿਤੀ 27.5.2019 ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 27/5/2019 ਰਾਂਹੀ ਤਜ਼ਵੀਜ਼ ਪ੍ਰਵਾਨ ਕਰਨ ਲਈ ਵਿੱਤ ਤੇ ਠੇਕਾ ਕਮੇਟੀ ਵਿਚ ਰੱਖ਼ਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 28/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 30.5.2019 ਅਨੁਸਾਰ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਪਹਿਲਾਂ ਪਿਛਲੇ ਕੰਮ ਦੀ ਡਿਟੇਲ ਕਮੇਟੀ ਨੂੰ ਪੇਸ਼ ਕੀਤੀ ਜਾਵੇ ।

ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:-83**

ਵਿਸ਼ਾ:- ਕੂਲ ਰੋਡ ਤੇ ਕਪਿਲ ਵਿਨਾਇਕ ਚੌਕ ਤੋ ਕਿਡਨੀ ਹਸਪਤਾਲ ਤੱਕ ਡੈਮੇਜ਼ ਹੋਏ ਵਾਟਰ ਸਪਲਾਈ ਦੀ ਲਾਇਨ ਰਿਪਲੇਸ ਕਰਨ ਬਾਰੇ।
ਵਾਰਡ ਨੰ: 21 ਨਵਾਂ (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 8,77,600/-
ਕੁੱਲ ਪ੍ਰਾਪਤ ਟੈਂਡਰ= 1 (ਤੀਸਰੀ ਬਾਰੀ) ਟੈਂਡਰ ਅਮਾਉਂਟ ਰੁਪਏ: 8,76,722/-
ਸੇਵਿੰਗ 0.10% ਅਜੰਸੀ ਦਾ ਨਾਮ:- ਮੈ: ਸਰੀਨ ਕੰਟਰੈਕਟਰ
ਈ.ਪੀ.ਐਫ ਨੰ: LD JAL 1780911000 ESI No. 29000636880000905

ਕੂਲ ਰੋਡ ਤੇ ਕਪਿਲ ਵਿਨਾਇਕ ਚੌਕ ਤੋ ਕਿਡਨੀ ਹਸਪਤਾਲ ਤੱਕ ਡੈਮੇਜ਼ ਹੋਏ ਵਾਟਰ ਸਪਲਾਈ ਦੀ ਲਾਇਨ ਰਿਪਲੇਸ ਕਰਨ ਬਾਰੇ ਤਖਮੀਨਾ ਰੁਪਏ 8,77,600/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 194(1) ਮਿਤੀ 18.10.18 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-18/62763 ਮਿਤੀ 02.11.18 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਹੋ ਗਈ ਹੈ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾ ਕੋਲੋ ਮਿਤੀ 13.12.18 ਲਈ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ ਅਤੇ ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾ ਕੋਲੋ ਮਿਤੀ 18.01.19 ਲਈ ਮੰਗੇ ਗਏ ਸਨ, ਪਰੰਤੂ ਫਿਰ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ

ਤੀਸਰੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 07.03.19 ਰਾਹੀਂ ਮੰਗੇ ਗਏ। ਸਿਰਫ ਇਕ ਟੈਂਡਰ ਉਪਰੋਕਤ ਅਜੰਸੀ ਦਾ ਪ੍ਰਾਪਤ ਹੋਇਆ। ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ। ਇਸ ਲਈ ਇਸ ਅਜੰਸੀ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 0.10% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 8,77,600/- ਦੇ ਵਿਰੁੱਧ ਰੁਪਏ 8,76,722/- ਵਿੱਚ ਕਰੇਗੀ।

ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਕਾਰਜਕਾਰੀ ਇੰਜੀਨਿਅਰ ਨੇ ਮਿਤੀ 30.5.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 30/5/2019 ਰਾਂਹੀ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਤੇ ਠੇਕਾ ਕਮੇਟੀ ਵਿਚ ਰੱਖ਼ਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 30/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 30.5.2019 ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:-84**

ਵਿਸ਼ਾ:- ਵਰਿਆਣਾ ਡੰਪ ਤੇ ਗਰਾਉਂਡ ਵਾਟਰ ਦੀ ਮੋਨੋਟਰਿੰਗ ਕਰਨ ਲਈ 3 ਪੀਜੀਉ ਮੀਟਰ ਲਗਾਉਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ।)

ਤਖਮੀਨਾ ਰੁਪਏ 3,66,370/-
ਟੈਂਡਰ ਅਮਾਉਂਟ ਰੁਪਏ 3,59,042/- ਸੇਵਿੰਗ 2% (ਨੈਗੋਸਿਏਸ਼ਨ ਉਪਰੰਤ)
ਪ੍ਰਾਪਤ ਟੈਂਡਰ 3
ਅਜੰਸੀ ਦਾ ਨਾਮ:- Four ITS Pvt. Ltd New Delhi

ਸਥਾਨਕ ਸਰਕਾਰ ਵਿਭਾਗ, ਪੰਜਾਬ ਸਰਕਾਰ ਦੇ ਪੱਤਰ ਨੰ: ਸੀ.ਟੀ.ਪੀ/(ਸਸ)-2018/1012 ਮਿਤੀ 27.03.18 ਦੇ ਹਵਾਲੇ ਅਧੀਨ ਵਰਿਆਣਾ ਡੰਪ ਤੇ ਗਰਾਉਂਡ ਵਾਟਰ ਦੀ ਮੋਨੋਟਰਿੰਗ ਕਰਨ ਲਈ ਪੀਜੀਉ ਮੀਟਰ ਲਗਾਉਣ ਲਈ ਕਿਹਾ ਗਿਆ ਹੈ। ਨਗਰ ਨਿਗਮ ਜਲੰਧਰ ਵਿੱਚ ਵਰਿਆਣਾ ਡੰਪ ਤੇ ਇਸ ਵਕਤ 3 ਬੋਰ ਵੈਲ ਕੀਤੇ ਹੋਏ ਹਨ। ਇਹਨਾ 3 ਬੋਰ ਵੈਲ ਤੇ ਪੀਜੀਉ ਮੀਟਰ ਲਗਾ ਕੇ ਗਰਾਉਂਡ ਵਾਟਰ ਦੀ ਮੋਨੋਟਰਿੰਗ ਕਰਨ ਲਈ ਤਖਮੀਨਾ ਰੁਪਏ 3,66,370/- ਦਾ ਤਿਆਰ ਕੀਤਾ ਗਿਆ ਸੀ। ਜਿਸ ਦੀ ਨਗਰ ਨਿਗਮ ਹਾਊਸ ਤੋ ਪ੍ਰਵਾਨਗੀ ਅਪਣੇ ਮਤਾ ਨੰ: 95(8) ਮਿਤੀ 25.06.18 ਰਾਹੀਂ ਦੇ ਦਿੱਤੀ ਹੈ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰ: 38187 ਮਿਤੀ 10.07.18 ਰਾਹੀਂ ਪ੍ਰਾਪਤ ਹੋ ਗਈ ਹੈ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 13.05.19 ਲਈ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੇਠ ਲਿਖੇ ਅਨੁਸਾਰ ਪ੍ਰਾਪਤ ਹੋਏ ਸਨ।

| Sr No. | Bidder Name | Estimated Rate | Quoted Rate | Tender Amt. |
|---|---|---|---|---|
| 1 | Four ITS Pvt. Ltd New Delhi | 3,66,370/- | +0.81% | 3,69,337/- |
| 2 | Shine Electronics Jaipur | 3,66,370/ | +13.00% | 4,13,998/- |
| 3 | Systematic Technology Jaipur | 3,66,370/ | +15.00% | 4,21,325/- |

ਉਪਰੋਕਤ ਟੇਬਲ ਅਨੁਸਾਰ ਮੈਸਰਜ਼ Four ITS Pvt. Ltd New Delhi ਦੇ ਰੇਟ ਘੱਟ ਪ੍ਰਾਪਤ ਹੋਏ ਸਨ, ਪਰੰਤੂ ਇਹ ਰੇਟ ਤਖਮੀਨੇ ਨਾਲੋ ਜਿਆਦਾ ਸਨ। ਇਸ ਲਈ ਇਸ ਅਜੰਸੀ ਨੂੰ ਮੋਬਾਈਲ ਰਾਹੀਂ ਰੇਟ ਘੱਟਾਉਣ ਲਈ ਕਿਹਾ ਗਿਆ। ਇਸ ਅਜੰਸੀ ਨੇ ਅਪਣੀ ਈ-ਮੇਲ ਮਿਤੀ 17.05.19 ਰਾਹੀਂ ਐਸਟੀਮੇਟ ਤੋ 2% ਡਿਸਕਾਉਂਟ ਤੇ ਕੰਮ ਕਰਨ ਲਈ ਰਜਾਮੰਦੀ ਦੇ ਦਿੱਤੀ ਹੈ, ਜਿਸ ਹਿਸਾਬ ਨਾਲ ਇਸ ਕੰਮ ਤੇ ਤਖਮੀਨਾ ਰੁਪਏ 3,66,370/- ਦੇ ਵਿਰੁੱਧ ਰੁਪਏ 3,59,042/- ਖਰਚਾ ਆਵੇਗਾ। ਇਹ ਰੇਟ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਅਤੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਹਿੱਤ ਸਿਫਾਰਿਸ਼ ਕੀਤੀ ਜਾਂਦੀ ਹੈ । ਕਾਰਜਕਾਰੀ ਇੰਜੀਨਿਅਰ ਨੇ ਮਿਤੀ 27.5.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਕਰਨ ਦੀ ਸ਼ਿਫਾਰਸ਼ ਕੀਤੀ ਹੈ ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 27/5/2019 ਰਾਂਹੀ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਤੇ ਠੇਕਾ ਕਮੇਟੀ ਵਿਚ ਰੱਖਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 28/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 30.5.2019 ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:-85**

ਵਿਸ਼ਾ:- ਸੋਲਿਡ ਵੇਸਟ ਮੈਨੇਜ਼ਮੈਂਟ ਲਈ 100 ਰਿਕਸ਼ਾ ਰੇਹੜਾ ਸਮੇਤ 8 ਪਲਾਸਟਿਕ ਬਿਨ ਖਰੀਦ ਕਰਨ ਬਾਰੇ।
(ਈ- ਟੈਂਡਰ ਪ੍ਰਵਾਨਗੀ ਹਿਤ)

ਤਖਮੀਨਾ ਰੁਪਏ 25.00 ਲੱਖ ਟੈਂਡਰ ਅਮਾਉਂਟ ਰੁਪਏ 21,40,000/-
ਪ੍ਰਾਪਤ ਟੈਂਡਰ 3 ਸੇਵਿੰਗ 14.40% ਅਜੰਸੀ ਦਾ ਨਾਮ:- M/S GLISTEN Ludhiana

ਸੋਲਿਡ ਵੇਸਟ ਮੈਨੇਜ਼ਮੈਂਟ ਲਈ 600 ਰਿਕਸ਼ਾ ਰੇਹੜਾ ਸਮੇਤ 8 ਪਲਾਸਟਿਕ ਬਿਨ ਸੱਵਛ ਭਾਰਤ ਦੇ ਫੰਡ ਵਿੱਚੋ ਖਰੀਦ ਕਰਨ ਲਈ ਰੁਪਏ 1.50 ਕਰੋੜ ਦੀ ਤਜਵੀਜ਼ ਤਿਆਰ ਕੀਤੀ ਗਈ ਸੀ ਜ਼ੋ ਕਿ ਪ੍ਰਵਾਨਗੀ ਲਈ ਨਗਰ ਨਿਗਮ ਦੇ ਮਤਾ ਨੰ: 7 ਮਿਤੀ 05.03.18 ਤੇ ਰੱਖੀ ਗਈ। ਇਹ ਤਜਵੀਜ਼ ਲੰਬਿਤ ਰੱਖਣ ਦੇ ਫੈਸਲੇ ਨਾਲ ਇਕ ਸਬ ਕਮੇਟੀ ਦੇ ਗਠਣ ਦਾ ਅਧਿਕਾਰ ਮਾਨਯੋਗ ਮੇਅਰ ਜੀ ਨੂੰ ਦਿੱਤਾ ਗਿਆ। ਇਸ ਕਮੇਟੀ ਵਿੱਚ ਸ੍ਰੀ ਤਰਸੇਮ ਸਿੰਘ, ਸ੍ਰੀਮਤੀ ਨੀਰਜਾ ਜੈਨ ਅਤੇ ਸ੍ਰੀਮਤੀ ਪ੍ਰਵੀਨਾ ਕੌਂਸਲਰ ਨਾਮਜੱਦ ਕੀਤੇ ਗਏ। ਕਮੇਟੀ ਨੇ ਅਪਣੀ ਮਿਤੀ 20.04.18 ਦੀ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਸ ਤਰ੍ਹਾਂ ਦੇ ਰਿਕਸ਼ਾ ਰੇਹੜੇ ਖਰੀਦ ਕੀਤੇ ਜਾਣ। ਕਮੇਟੀ ਦੇ ਇਸ ਫੈਸਲੇ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਨੇ ਅਪਣੇ ਮਤਾ ਨੰ: 62 ਮਿਤੀ 25.06.18 ਰਾਹੀਂ ਇਸ ਮੱਦ ਨੂੰ ਪ੍ਰਵਾਨਗੀ ਦਿੱਤੀ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: 50460 ਮਿਤੀ 29.08.18 ਰਾਹੀਂ ਦੇ ਦਿੱਤੀ ਹੈ।

ਹਾਲ ਦੀ ਘੜੀ ਸੋਲਿਡ ਵੇਸਟ ਮੈਨੇਜ਼ਮੈਂਟ ਲਈ 100 ਰਿਕਸ਼ਾ ਰੇਹੜਾ ਸਮੇਤ 8 ਪਲਾਸਟਿਕ ਬਿਨ ਦੀ ਖਰੀਦ ਕਰਨ ਲਈ ਰੁਪਏ 25.00 ਲੱਖ ਦੇ ਤਖਮੀਨੇ ਦੇ ਟੈਂਡਰ ਸਪੈਸੀਫਿਕੇਸ਼ਨਾ ਅਨੁਸਾਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 25.02.19 ਲਈ ਮੰਗੇ ਗਏ, ਸਿਰਫ ਇਕ ਟੈਂਡਰ ਪ੍ਰਾਪਤ ਹੋਇਆ ਸੀ ਜ਼ੋ ਕਿ ਰੱਦ ਕਰ ਦਿੱਤਾ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਮੁੜ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 13.05.19 ਲਈ ਚੋਂਣ ਕਮਿਸ਼ਨ ਦੀ ਮੰਜੂਰੀ ਨਾਲ ਮੰਗੇ ਗਏ, ਸਿਰਫ ਇਕ ਟੈਂਡਰ ਪ੍ਰਾਪਤ ਹੋਇਆ ਜ਼ੋ ਕਿ ਰੱਦ ਕਰ ਦਿੱਤਾ ਗਿਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਮੁੜ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 24.05.19 ਲਈ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਮਿਆਰ ਤੇ ਪੂਰੀ ਸਨ। ਇਸ ਲਈ ਮਿਤੀ 27.05.19 ਨੂੰ ਇਹਨਾ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

| Sr No. | Bidder Name | Estimated Rate | Quoted Rate | Tender Amt. |
|---|---|---|---|---|
| 1 | Nature Green Tools and Machines Pvt. Ltd. Ghaziabad | 25,00,000/- | -10.04% | 22,49,000/- |
| 2 | Nilkamal Limited. Mumbai | 25,00,000/ | +2.30% | 25,57,500/- |
| 3 | GLISTEN Ludhiana | 25,00,000/ | -14.40% | 21,40,000/- |

ਉਪਰੋਕਤ ਟੇਬਲ ਅਨੁਸਾਰ ਮੈਸਰਜ਼ GLISTEN Ludhiana ਦੇ ਰੇਟ ਘੱਟ ਪ੍ਰਾਪਤ ਹੋਏ ਹਨ। ਇਹ ਕੰਪਨੀ ਵਿਸ਼ੇ ਅਧੀਨ ਸਮਾਨ ਤਖਮੀਨਾ ਰੁਪਏ 25,00,000/- ਦੇ ਵਿਰੁੱਧ ਰੁਪਏ 21,40,000/- ਸਪਲਾਈ ਕਰੇਗੀ। ਉਪਰੋਕਤ ਅਨੁਸਾਰ ਇਹ ਟੈਂਡਰ ਵਿਚਾਰਣ ਅਤੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਅਪਣੇ ਨੋਟ ਮਿਤੀ 27/5/2019 ਰਾਂਹੀ ਟੈਂਡਰ ਪ੍ਰਵਾਨ ਕਰਨ ਲਈ ਵਿੱਤ ਤੇ ਠੇਕਾ ਕਮੇਟੀ ਵਿਚ ਰੱਖ਼ਣ ਦੀ ਸਿਫ਼ਾਰਸ ਕੀਤੀ ਹੈ।ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 28/5/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 30.5.2019 ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:-86**

ਵਿਸ਼ਾ:- ਰਿਪੇਅਰ ਐਂਡ ਮੇਨਟੀਨੈਂਸ ਆਫ ਕਮਿਸ਼ਨਰ ਹਾਊਸ ਐਟ ਆਦਰਸ਼ ਨਗਰ।(ਟੈਂਡਰ ਪ੍ਰਵਾਨਗੀ ਸਬੰਧੀ।)

ਤਖਮੀਨਾ: 13.50 ਲੱਖ ਟੈਂਡਰ ਅਮਾਊਂਟ ਰੁ: 13.20 ਲੱਖ ਸੇਵਿੰਗ: 2.22%

ਫਰਮ ਦਾ ਨਾਂ:- ਹਰੀ ਕੰਸਟਰਕਸ਼ਨ ਕੰਪਨੀ।

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਰੁ: 13.50 ਲੱਖ ਦਾ ਤਿਆਰ ਕੀਤਾ ਗਿਆ। ਜਿਸ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 156(13) ਮਿਤੀ:18-10-2018 ਰਾਹੀਂ ਪ੍ਰਵਾਨ ਕੀਤਾ ਗਿਆ ਸੀ।ਇਸ ਕੰਮ ਦੇ ਟੈਂਡਰ ਪਹਿਲਾਂ ਦੋ ਵਾਰ ਈ-ਟੈਂਡਰ ਮੰਗੇ ਗਏ ਪਰ ਕੋਈ ਟੈਂਡਰ ਵਸੂਲ ਨਹੀਂ ਹੋਇਆ। ਤੀਜੀ ਵਾਰ ਟੈਂਡਰ ਮਿਤੀ 8.3.2019 ਲਈ ਈ ਟੈਂਡਰ ਰਾਹੀਂ ਮੰਗੇ ਗਏ ਅਤੇ ਕੇਵਲ ਇੱਕ ਟੈਂਡਰ ਉਕਤ ਅਜੰਸੀ ਦਾ ਪਾਇਆ ਗਿਆ।ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 8.3.2019 ਰਾਹੀਂ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 8.3.2019 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ: 29.5.2019 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮੇਅਰ ਜੀ ਦੇ ਹੁੱਕਮਾਂ ਅਨੁਸਾਰ ਮਿਤੀ 31.5.2019 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ:87 ਤੋਂ 90 ਤੱਕ ਰੈਗੁਲਰ ਅਜੰਡੇ ਤੋਂ ਬਾਹਰੋਂ ਲਈਆਂ ਗਈਆਂ ।

ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:-87**

ਵਿਸ਼ਾ:- ਨਗਰ ਨਿਗਮ ਦੇ ਸਾਰੇ 80 ਵਾਰਡਾਂ ਵਿੱਚ ਵੱਖ-ਵੱਖ ਥਾਵਾਂ ਤੇ 30 ਵਾਟ ਦੀਆਂ ਨਵੀਆਂ ਐਲ.ਈ.ਡੀ ਸਟਰੀਟ ਲਾਇਟਾਂ ਲਗਾਉਣ ਬਾਰੇ। (ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਬਾਰੇ)

ਤਖਮੀਨਾ ਰੁਪਏ: 46,67,190/-ਟੈਂਡਰ ਅਮਾਉਂਟ ਰੁਪਏ 32,52,564/- ਸੇਵਿੰਗ 30.31%
ਸੋਧਿਆ ਤਖਮੀਨਾ ਰੁਪਏ: 58,24,591/-
ਅਜੰਸੀ ਦਾ ਨਾਮ:- ਏ.ਐਸ.ਐਂਟਰਪ੍ਰਾਇਸਿਜ਼ ਹੁਸ਼ਿਆਰਪੁਰ
ਈ.ਪੀ.ਐਫ ਨੰ: PB/JAL 35666 ESI No. 29000 61175 0001001

**ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 71 ਮਿਤੀ 30.5.2019, ਉਪਰੋਕਤ ਵਿਸ਼ੇ ਸਬੰਧੀ ।**

ਪੜ੍ਹਿਆ ਦਫ਼ਤਰੀ ਨੋਟ ਕਾਰਜਕਾਰੀ ਇੰਜੀਨੀਅਰ (ਲਾਇਟ) ਕਿ ਨਗਰ ਨਿਗਮ ਹਾਉਸ ਦੀ ਮਿਤੀ 18.10.2018 ਨੂੰ ਹੋਈ, ਮੀਟਿੰਗ ਦੇ ਜੀਰੋ ਆਵਰ ਵਿੱਚ ਡਿਪਟੀ ਮੇਅਰ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ ਵੱਲੋਂ ਮੇਅਰ ਜੀ ਪਾਸੋ ਮੰਗ ਕੀਤੀ ਗਈ ਕਿ ਦੀਵਾਲੀ ਦੇ ਤਿਉਹਾਰ ਤੇ ਪਰੰਪਰਾ ਰਹੀ ਹੈ ਕਿ ਕੌਂਸਲਰਾਂ ਨੂੰ ਬਤੌਰ ਗਿਫਟ ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਂਦੇ ਹਨ ਅਤੇ ਉਹ ਮੰਗ ਕਰਦੇ ਹਨ ਕਿ ਹਰੇਕ ਕੌਂਸਲਰ ਨੂੰ 25-25 ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਣ। ਮਾਨਯੋਗ ਮੇਅਰ ਜੀ ਨੇ ਮੰਨਿਆ ਕਿ ਇਹ ਪੁਰਾਣੀ ਪ੍ਰਥਾ ਰਹੀ ਹੈ ਕਿ ਦੀਵਾਲੀ ਵੇਲੇ ਹਰੇਕ ਕੌਂਸਲਰ ਨੂੰ ਬਤੌਰ ਗਿਫਟ ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਂਦੇ ਹਨ ਅਤੇ ਇਸ ਲਈ ਉਹਨਾਂ ਕਮਿਸ਼ਨਰ ਜੀ ਨੂੰ ਇਸ ਸਬੰਧੀ ਜੱਲਦ ਕਾਰਵਾਈ ਕਰਨ ਲਈ ਕਿਹਾ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਹਰੇਕ ਵਾਰਡ ਵਿੱਚ 30 ਵਾਟ ਦੇ 20-20 ਸਟਰੀਟ ਲਾਇਟ ਦੇ ਐਲ.ਈ.ਡੀ ਪੁਆਇੰਟ ਲਗਾਉਣ ਵਾਸਤੇ ਰੁਪਏ 46,67,190/- ਦਾ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਦੀ ਇਨਐਂਟੀਸਿਪੇਸ਼ਨ ਅਰਪ੍ਰੂਵਲ ਆਫ ਹਾਉਸ ਪ੍ਰਵਾਨਗੀ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01.11.18 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 16.11.18 ਲਈ ਟੈਂਡਰ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਵਿੱਚੋ ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਏ.ਐਸ.ਐਂਟਰਪ੍ਰਾਇਸਿਜ਼ ਹੁਸ਼ਿਆਰਪੁਰ ਦਾ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 218 ਮਿਤੀ 14.12.18 ਰਾਹੀਂ ਪ੍ਰਵਾਨ ਕੀਤਾ। ਇਕਰਾਰਨਾਮਾ ਕਰਨ ਉਪਰੰਤ ਅਜੰਸੀ ਨੂੰ ਵਰਕ ਆਰਡਰ ਨੰ: ਸੀ.ਈ/ਈ.ਟੀ/62 ਮਿਤੀ 01.02.19 ਜਾਰੀ ਕੀਤਾ ਗਿਆ ਅਤੇ ਕੰਮ ਮੁਕੰਮਲ ਕਰਨ ਲਈ 6 ਮਹੀਨੇ ਦਾ ਸਮਾ ਦਿੱਤਾ ਗਿਆ।

ਕੰਮ ਦੇ ਦੌਰਾਨ ਇਹ ਨੋਟਿਸ ਵਿੱਚ ਆਇਆ ਹੈ ਕਿ ਅਸਲ ਤਖਮੀਨੇ ਵਿੱਚ 1700 ਐਲ.ਈ.ਡੀ ਲਾਇਟਾਂ ਲਈਆਂ ਗਈਆਂ ਸਨ, ਪਰੰਤੂ ਉਹਨਾ ਲਈ ਬਰੈਕਟਾਂ ਅਤੇ ਕਲੈਂਪ ਸਿਰਫ 250 ਲਾਇਟਾਂ ਦੇ ਹੀ ਲਏ ਗਏ ਹਨ ਅਤੇ ਤਾਰ ਵੀ ਸਿਰਫ 7000 ਮੀਟਰ ਲਈ ਗਈ ਸੀ, ਜੋ ਕਿ ਬਹੁਤ ਘੱਟ ਹੈ। ਇਸ ਕੰਮ ਨੂੰ ਸਹੀ ਤਰੀਕੇ ਨਾਲ ਸਿਰੇ ਚਾੜ੍ਹਨ ਲਈ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 58,24,591/- ਦਾ ਤਿਆਰ ਕੀਤਾ ਗਿਆ ਹੈ, ਜਿਸ ਵਿੱਚ 1700 ਬਰੈਕਟ, 3400 ਕਲੈਂਪ ਅਤੇ 20400 ਮੀਟਰ ਤਾਰ ਲਈ ਗਈ ਹੈ। ਇਹ ਸੋਧਿਆ ਹੋਇਆ ਤਖਮੀਨਾ ਅਸਲ ਤਖਮੀਨੇ ਤੋ 25% ਦੇ ਵਾਧੇ ਵਿੱਚ ਹੈ, ਜਿਸ ਦੀ ਪ੍ਰਵਾਨਗੀ ਦਾ ਅਧਿਕਾਰ ਵਿੱਤ ਅਤੇ ਠੇਕਾ ਕਮੇਟੀ ਕੋਲ ਹੈ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਕੰਮ ਨੂੰ ਸਹੀ ਤਰ੍ਹਾਂ ਨੇਪਰੇ ਚਾੜ੍ਹਨ ਲਈ ਸੋਧੇ ਹੋਏ ਤਖਮੀਨੇ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਇਹ ਵਾਧਾ ਟੈਂਡਰ ਵਿੱਚ ਪ੍ਰਾਪਤ ਸੇਵਿੰਗ ਦੇ ਅੰਦਰ-ਅੰਦਰ ਹੀ ਹੈ ਅਤੇ ਇਸ ਵਾਧੇ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 08.03.19 ਰਾਹੀਂ ਲਿਖਿਆ ਹੈ ਕਿ ਇਹ ਇਕ ਜਰੂਰੀ ਕੰਮ ਹੈ, ਇਸ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਐਂਟੀਸਿਪੇਸ਼ਨ ਅਪਰੂਵਲ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 24.03.19 ਨੂੰ ਉਪਰੋਕਤ ਨਾਲ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 24.03.19 ਰਾਹੀਂ ਉਪਰੋਕਤ ਸਿਫਾਰਿਸ਼ ਨੂੰ ਮੁੱਖ ਰੱਖਦੇ ਹੋਏ ਸੋਧਿਆ ਹੋਇਆ ਤਖਮੀਨਾ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜ਼ੂਰੀ ਦਿੱਤੀ ਹੈ।

ਹਵਾਲੇ ਅਧੀਨ ਮਤੇ ਰਾਹੀਂ ਇਹ ਮੱਦ ਲੰਬਿਤ ਰੱਖੀ ਗਈ ਸੀ । ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹ ਤਜ਼ਵੀਜ਼ ਮੁੜ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:-88**

ਵਿਸ਼ਾਂ:- ਸਾਲ 2018-2019 ਵਾਸਤੇ ਟਾਂਗਾਂ /ਰਿਕਸ਼ਾ ਸ਼ਾਖਾ ਲਈ ਨਵੀਆਂ ਨੰਬਰਿੰਗ ਪਾਸਿੰਗ ਪਲੇਟਾਂ ਦੀ ਖਰੀਦ ਕਰਨ ਸਬੰਧੀ। ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾਂ ਰੁਪਏ: 73,000/- ਟੈਂਡਰ ਅਮਾਉਂਟ ਰੁਪਏ: 69,189.40/-
ਅਜੰਸੀ : M/s Hari Const. Co. Jal ਸੇਵਿੰਗ 5.22% ਘੱਟ

**ਹਵਾਲਾ: ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 72 ਮਿਤੀ 30.5.2019, ਉਪਰੋਕਤ ਵਿਸ਼ੇ ਸਬੰਧੀ ।**

ਪੜ੍ਹਿਆ ਦਫਤਰੀ ਨੋਟ ਸਟੋਰ ਸ਼ਾਖਾ ਜਿਸ ਨਾਲ ਸੁਪਰਡੰਟ ਨੇ ਮਿਤੀ 1.2.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸੇ ਤੇ ਕੰਮ ਕਰਾਉਣ ਲਈ ਤਖਮੀਨਾਂ ਰੁਪਏ 73,000/- ਦਾ ਤਹਿਬਜਾਰੀ ਸ਼ਾਖਾ ਵੱਲੋ ਤਿਆਰ ਕੀਤਾ ਗਿਆ ਸੀ। ਜਿਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਦੇ ਮਤਾ ਨੰ: 67 ਮਿਤੀ 25-06-2018 ਰਾਹੀਂ ਪ੍ਰਵਾਨ ਕੀਤਾ ਗਿਆ।ਇਸ ਕੰਮ ਦੇ ਟੈਂਡਰ ਮਿਤੀ 20-11-2018, ਮਿਤੀ 29-12-2018 ਈ-ਟੈਂਡਰਿੰਗ ਅਤੇ ਅਖਬਾਰਾਂ ਰਾਹੀਂ ਮੰਗੇ ਗਏ ਅਤੇ 3 ਟੈਂਡਰ ਪ੍ਰਾਪਤ ਹੋਏ। ਜਿਸ ਦਾ ਵੇਰਵਾ ਹੇਠ ਅਨੁਸਾਰ ਹੈ:-

| ਲੜੀ ਨੰ: | ਠੇਕੇਦਾਰ ਦਾ ਨਾਂ | ਤਖਮੀਨਾ ਰੁਪਏ | % ਘੱਟ ਜਾ ਵੱਧ | ਰਕਮ |
|---|---|---|---|---|
| 1 | M/s Hari Const.Co.,Jal | 73,000/- | 5.22% Less | 69,189/- |
| 2 | Gupta Elect. Store, Jal | 73,000/- | 2.00% Less | 71,540/- |
| 3 | Inderpal Singh Govt. Contractor | 73,000/- | 1.50% Less | 71,905/- |

ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਉਕਤ Hari Const. Co. Jal ਦਾ ਟੈਂਡਰ ਰੇਟ ਘੱਟ ਪਾਇਆ ਗਿਆ, ਜ਼ੋ ਕਿ ਰੂਪਏ 69,189/- ਵਿੱਚ ਕੰਮ ਕਰਨ ਨੂੰ ਤਿਆਰ ਹੈ। ਇਹ ਘੱਟ ਅਤੇ ਵਾਜਬ ਹੈ। ਉਕਤ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਦੀ ਹੈ। ਸੰਯੁਕਤ ਕਮਿਸ਼ਨਰ ਨੇ ਮਿਤੀ 4.2.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ : 12.02.2019 ਰਾਹੀ ਕੁਝ ਜਾਣਕਾਰੀ ਮੰਗੀ ਹੈ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

ਸਾਲ:- 2016-17 ਵਿੱਚ ਨਗਰ ਨਿਗਮ ਵੱਲੋ ਖਰੀਦਿਆਂ ਗਈਆਂ ਕੁੱਲ ਨੰਬਰਿੰਗ ਪਲੇਟਾ = 4100

1) ਰਿਕਸ਼ਾ :- 2100
2) ਸਮਾਨ ਵੇਚਣ ਵਾਲੀ ਰਹੇੜੀ :- 1100
3) ਭਾਰ ਵਾਲਾ ਰੇਹੜਾ :- 900

ਕੁੱਲ : 4100

ਨਿਗਮ ਵੱਲੋ ਜਾਰੀ ਕੀਤੀਆਂ ਗਈਆਂ ਪਲੇਟਾ = 4100
ਬਕਾਇਆ = ਨਿੱਲ
ਨਿਗਮ ਨੂੰ ਪ੍ਰਾਪਤ ਹੋਈ ਆਮਦਨ = 573672 ਰੁ:

ਸਾਲ:- 2017-18 ਵਿੱਚ ਨਗਰ ਨਿਗਮ ਵੱਲੋ ਖਰੀਦਿਆਂ ਗਈਆਂ ਕੁੱਲ ਨੰਬਰਿੰਗ ਪਲੇਟਾ = 10020

1) ਰਿਕਸ਼ਾ :- 2900
2) ਸਮਾਨ ਵੇਚਣ ਵਾਲੀ ਰੇਹੜੀ :- 1250
3) ਭਾਰ ਵਾਲਾ ਰੇਹੜਾ :- 1200

ਕੁੱਲ : 5350

ਨਿਗਮ ਵੱਲੋ ਜਾਰੀ ਕੀਤੀਆਂ ਗਈਆਂ ਪਲੇਟਾ = 5350
ਬਕਾਇਆ = 4670
ਨਿਗਮ ਨੂੰ ਪ੍ਰਾਪਤ ਹੋਈ ਆਮਦਨ ਰੁਪਏ= 7,01,000/-

ਇਸ ਨਾਲ ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 11.3.2019 ਅਤੇ ਕਮਿਸ਼ਨਰ ਜੀ ਨੇ ਮਿਤੀ 27.3.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 29.3.2019 ਰਾਹੀਂ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਹਵਾਲੇ ਅਧੀਨ ਮਤੇ ਰਾਹੀਂ ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਗਈ ਸੀ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹ ਟੈਂਡਰ ਮੁੜ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੇ ਸਨਮੁੱਖ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

ਮਤਾ ਨੰਬਰ:-89

ਵਿਸ਼ਾ:- ਜ਼ੋਨ ਨੰ: 2, 4 & 4A ਅਤੇ 6 ਦੇ ਗਰੁਪਾਂ ਦੇ ਟਿਊਬਵੈਲਾਂ ਦੇ ਓਪਰੇਸ਼ਨ ਅਤੇ ਇਲੈਕਟ੍ਰਿਕਲ ਮੇਨਟੀਨੈਂਸ ਵਿੱਚ ਟਾਈਮ ਸਵਿਚਿਜ਼ ਨਾਲ ਸਬੰਧਤ ਅਲਾਟ ਕੀਤੇ ਹੋਏ ਕੰਮਾਂ ਦੇ ਪ੍ਰਵਾਨਿਤ ਤਖਮੀਨੇ ਵਿੱਚ ਬੱਚਦੀ ਸੇਵਿੰਗ ਅਧੀਨ ਇਕ ਮਹੀਨਾ ਵਾਧੂ ਸਮੇਂ ਲਈ ਕੰਮ ਕਰਵਾਉਣ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਉ.ਐਂਡ ਐਮ.) ਕਿ ਜ਼ੋਨ ਨੰ: 2, 4 &4A ਅਤੇ 6 ਦੇ ਗਰੁਪਾਂ ਦੇ ਟਿਊਬਵੈਲਾਂ ਨੂੰ ਆਊਟ ਸੋਰਸ ਰਾਹੀਂ ਠੇਕੇ ਤੇ ਚਲਾਉਣ ਅਤੇ ਇਲੈਕਟ੍ਰਿਕਲ ਮੇਨਟੀਨੈਂਸ ਵਿੱਦ ਟਾਈਮ ਸਵਿਚਿਜ਼ ਬਾਰੇ ਵੱਖ-ਵੱਖ ਤਖਮੀਨੇ ਨਗਰ ਨਿਗਮ ਹਾਊਸ ਨੇ ਪ੍ਰਵਾਨ ਕੀਤੇ ਸਨ। ਇਹਨਾ ਪ੍ਰਵਾਨਿਤ ਕੰਮ ਦੇ ਈ-ਟੈਂਡਰ ਮਿਤੀ 03-05-17 ਲਈ ਅਖਬਾਰਾਂ ਰਾਹੀਂ ਮੰਗੇ ਗਏ ਸਨ। ਇਹਨਾਂ ਕੰਮਾਂ ਦੇ ਟੈਂਡਰ ਮਾਨਯੋਗ ਕਮਿਸ਼ਨਰ ਅਤੇ ਮੇਅਰ ਜੀ ਨੇ ਇਨਐਂਟੀਸਿਪੇਸ਼ਨ ਅਪਰੂਵਲ ਆਫ ਵਿੱਤ ਅਤੇ ਠੇਕਾ ਕਮੇਟੀ ਅਪਣੇ ਹੁਕਮ ਮਿਤੀ 08.06.17 ਰਾਹੀਂ ਪ੍ਰਵਾਨ ਕੀਤੇ ਸਨ, ਜਿਸ ਅਨੁਸਾਰ ਅਜੰਸੀ ਮੈਸਰਜ਼ ਐਸ ਕੇ ਈ ਇੰਜੀਨੀਅਰਜ਼ ਜਲੰਧਰ ਨੂੰ ਵੱਖ-ਵੱਖ ਵਰਕ ਆਰਡਰਾਂ ਰਾਹੀਂ 12 ਮਹੀਨੇ ਲਈ ਹੇਠ ਲਿਖੇ ਟੇਬਲ ਅਨੁਸਾਰ ਅਲਾਟ ਕੀਤੇ ਗਏ ਹਨ।

| Zone (Group) | No. of T/well In Group | Estimate amount In Lac | House Reso. No. 05.12.16 | Tendered Amount In Lac | Saving | W/order |
|---|---|---|---|---|---|---|
| 2 (Part-1&2) | 67 | 39.20 | 179 (60&61) | 22.73 | 42% | CE/37 dt 03.07.17 |
| 4 | 66 | 36.77 | 179 (57) | 21.33 | 42% | CE/31 dt 03.07.17 |
| 4A | 44 | 24.64 | 179 (51) | 14.29 | 42% | CE/29 dt 03.07.17 |
| 6(Part-1&2) | 65+ 3 OHSR | 46.57 | 179 (62&63) | 30.34 | 42% | CE/33 dt 03.07.17 |

ਇਹਨਾਂ ਅਜੰਸੀਆਂ ਦਾ ਕੰਮ ਤੱਸਲੀਬਖਸ਼ ਹੈ, ਇਸ ਲਈ ਉਪਰੋਕਤ ਟੇਬਲ ਵਿੱਚ ਦਰਸ਼ਾਏ ਅਨੁਸਾਰ ਵਿਭਾਗ ਦੀ ਸਿਫਾਰਿਸ਼ ਤੇ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 99 ਮਿਤੀ 11.07.18 ਰਾਹੀਂ 4 ਮਹੀਨੇ ਸਮਾਂ ਵੱਧਾਉਣ ਦੀ ਪ੍ਰਵਾਨਗੀ ਦਿੱਤੀ ਸੀ, ਜ਼ੋ ਕਿ ਖਤਮ ਹੋਣ ਤੋ ਪਹਿਲਾ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 207 ਮਿਤੀ 03.11.18 ਰਾਹੀਂ 4 ਮਹੀਨੇ ਕੰਮ ਹੋਰ ਵੱਧਾਉਣ ਦੀ ਪ੍ਰਵਾਨਗੀ ਦਿੱਤੀ ਸੀ। ਹੁਣ ਮੁੜ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 52 ਦੇ ਲੜੀ ਨੰ: 10 ਅਤੇ 11 ਮਿਤੀ 01.03.19 ਰਾਹੀਂ ਫੈਸਲਾ ਕੀਤਾ ਕਿ ਜਦੋ ਤੱਕ ਜ਼ੋਨ ਨੰ: 6 ਦੇ ਪਾਰਟ 1 ਅਤੇ 2 ਦੇ ਦੁਬਾਰਾ ਟੈਂਡਰ ਨਹੀਂ ਲਗਾਏ ਜਾਂਦੇ ਉਦੋ ਤੱਕ ਪੁਰਾਣੇ ਅਲਾਟ ਚੱਲ ਰਹੇ ਕੰਮਾਂ ਦੇ ਤਖਮੀਨਿਆਂ ਨੂੰ 25% ਵਧਾ ਕੇ 3 ਮਹੀਨੇ ਹੋਰ ਕੰਮ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ, ਜਿਸ ਦੀ ਮਿਆਦ ਮਿਤੀ 02.06.19 ਨੂੰ ਖਤਮ ਹੋ ਰਹੀ ਹੈ। ਇਥੇ ਇਹ ਦਸਣਯੋਗ ਹੈ ਕਿ ਲੋਕ ਸਭਾ ਚੋਣ ਜਾਬਤ ਲੱਗਣ ਕਾਰਣ ਇਸ ਕੰਮ ਦੇ ਟੈਂਡਰ ਨਹੀਂ ਲਗਾਏ ਗਏ ਹਨ। ਹੁਣ ਇਸ ਕੰਮ ਦੇ ਨਵੇਂ ਟੈਂਡਰ ਲਗਾ ਦਿੱਤੇ ਗਏ ਹਨ। ਇਸ ਲਈ ਵਿਭਾਗੀ ਅਤੇ ਲੋਕ ਹਿੱਤ ਵਿੱਚ ਇਹਨਾਂ ਕੰਮਾਂ ਦੀ ਮਿਆਦ ਇਕ ਮਹੀਨਾ ਹੋਰ ਵੱਧਾਉਣ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਮਿਤੀ 31.5.2019 ਰਾਹੀਂ ਇਸ ਕੰਮ ਦੀ ਮਿਆਦ ਇਕ ਮਹੀਨਾ ਹੋਰ ਵਧਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 3/6/2019 ਰਾਂਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਮਿਤੀ 4.6.2019 ਅਨੁਸਾਰ ਉਕਤ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019

**ਮਤਾ ਨੰਬਰ:-**90

ਵਿਸ਼ਾਂ:- ਸਵੱਛ ਭਾਰਤ ਮਿਸ਼ਨ ਅਧੀਨ MOHUA ਦੀ ਐਡਵਾਈਜਰੀ ਅਨੁਸਾਰ Decentralized Compositing ਦੇ ਪਾਇਲ ਪ੍ਰਜੈਕਟ ਕਰਨ ਸਬੰਧੀ।

ਤਖਮੀਨਾਂ ਰੁਪਏ: 1,27,732/- ਟੈਂਡਰ ਅਮਾਉਂਟ ਰੁਪਏ: 1,27,719.23/-

ਸੇਵਿੰਗ : (-). 01% ਘੱਟ

ਅਜੰਸੀ : **M/s VATAMA SOLUTIONS, CHD.**

ਉਪਰੋਕਤ ਵਿਸ਼ੇ ਤੇ ਕੰਮ ਕਰਾਉਣ ਲਈ ਮਾਰਕੀਟ ਵਿੱਚੋਂ ਕੁਟੇਸ਼ਣ ਲੈ ਕੇ ਤਖਮੀਨਾਂ ਰੁਪਏ 1,27,732/- ਦਾ ਹੈਲਥ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ।ਜਿਸ ਵਿੱਚ ਸਵੱਛ ਭਾਰਤ ਮਿਸ਼ਨ ਅਧੀਨ MOHUA ਦੀ ਐਡਵਾਈਜਰੀ ਅਨੁਸਾਰ Decentralized Compositing ਦੇ ਪਾਇਲ ਪ੍ਰਜੈਕਟ ਕਰਨ ਲਈ ਤਜਵੀਜ ਤਿਆਰ ਕੀਤੀ ਗਈ। ਜਿਸ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਅਤੇ ਵਿਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 175 ਮਿਤੀ 18-10-2018 ਨੂੰ ਦਿੱਤੀ ਗਈ। ਉਕਤ ਕੰਮ ਦੇ ਈ-ਟੈਂਡਰਿੰਗ ਰਾਹੀਂ ਪਹਿਲੀ ਵਾਰੀ ਮਿਤੀ 15-02-19 ਅਤੇ ਦੂਸਰੀ ਵਾਰੀ 13/05/19 ਨੂੰ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਠੇਕੇਦਾਰ ਦਾ ਨਾਂ | ਤਖਮੀਨਾ ਰੁਪਏ | ਸੇਵਿੰਗ % ਘੱਟ ਜਾਂ ਵਧ | ਰਕਮ |
|---|---|---|---|---|
| 1 | M/s SKILL SPOT | 1,27,732/- | 2% ਵੱਧ | 1,30,286.64/- |
| 2 | M/s ARCHANA ADVERTISING PVT LTD | 1,27,732/- | 1.75% ਵੱਧ | 1,29,967.31/- |
| 3 | M/s VATAMA SOLUTIONS | 1,27,732/- | .01% ਵੱਧ | 1,27,719.23/- |

ਤੁਲਨਾਤਮਕ ਸੂਚੀ ਤਿਆਰ ਕਰਨ ਉਪਰੰਤ ਉਕਤ M/s Vatama Solutions. CHD ਠੇਕੇਦਾਰ ਦਾ ਟੈਂਡਰ ਰੇਟ ਘੱਟ ਪਾਇਆ ਗਿਆ, ਜ਼ੋ ਕਿ ਰੁਪਏ 1,27,719.23/- ਵਿੱਚ ਕੰਮ ਕਰਨ ਨੂੰ ਤਿਆਰ ਹੈ। ਇਹ ਰੇਟ ਘੱਟ ਅਤੇ ਵਾਜਬ ਹੈ। ਉਕਤ ਟੈਂਡਰਾ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।ਸੁਪਰਡੰਟ ਸਟੋਰ ਨੇ ਮਿਤੀ: 27-05-2019 ਰਾਹੀਂ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ।ਨਿਗਰਾਨ ਇੰਜੀਨੀਅਰ ਨੇ ਮਿਤੀ: 03-06-2019 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ ਜਿਸ ਤੇ ਕਮਿਸ਼ਨਰ ਜੀ ਨੇ ਮਿਤੀ: 28-05-2019 ਰਾਹੀਂ ਐਲ ਵਨ ਠੇਕੇਦਾਰ ਨਾਲ ਨੈਗੋਸੀਏਸ਼ਨ ਕਰਨ ਲਈ ਲਿਖਿਆ ਹੈ।ਨਿਗਰਾਨ ਇੰਜੀਨੀਅਰ (ਓ.ਐਂਡ ਐਂਮ) ਨੇ ਮਿਤੀ 3.6.2019 ਰਾਹੀਂ ਲਿਖਿਆ ਹੈ ਕਿ ਐਲ ਵਨ ਠੇਕੇਦਾਰ ਨਾਲ ਗੱਲ ਕੀਤੀ ਗਈ। ਐਲ ਵਨ ਠੇਕੇਦਾਰ M/s VATAMA SOLUTIONS ਨੇ ਐਸਟੀਮੇਟ ਤੋਂ 2% ਘੱਟ ਰੇਟ ਤੇ ਕੰਮ ਕਰਨ ਨੂੰ ਸਹਿਮਤੀ ਦਿੱਤੀ ਹੈ।ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 3.6.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮਾ ਮਿਤੀ 04-06-2019 ਰਾਂਹੀ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/-ਜਗਦੀਸ਼ ਰਾਜ ਰਾਜਾ,
ਮੇਅਰ
6.6.2019